ਵਕੀਲ ਦੀ ਲੋੜ ? 905-362-0755
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਦੰਦ ਲਗਵਾਓ FREE ਮੁਫ਼ਤ 905-458-3344 With CDCP
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਇੰਡੀਅਨ ਵੀਜ਼ਾ OCI & Passport Renewal 514-389-7070
12 Beds, 7 Baths For 24 Guests 905-965-4644
Line of Credit Fix Bad Credit Get OSAP Loan 905-965-4644
ਮਰਦਾਨਾ ਕਮਜ਼ੋਰੀ 416-992-5489

ਨਿਖਿਲ ਗੁਪਤਾ ਨੇ ਰਚੀ ਸੀ ਪੰਨੂ ਦੇ ਕਤਲ ਦੀ ਸਾਜ਼ਿਸ਼

ਨਿਊ ਯੌਰਕ: ਅਮਰੀਕਾ 'ਚ ਖ਼ਾਲਿਸਤਾਨੀ ਖਾੜਕੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਅਸਫ਼ਲ ਸਾਜ਼ਿਸ਼ ਰਚਣ ਦੇ ਮਾਮਲੇ 'ਚ ਇੱਕ ਵੱਡੀ ਖ਼ਬਰ ਸਾਹਮਣੇ ਆਈ ਹੈ।

ਇਸ ਮਾਮਲੇ ਦੇ ਮੁੱਖ ਮੁਲਜ਼ਮ ਨਿਖਿਲ ਗੁਪਤਾ ਨੇ ਨਿਊ ਯੌਰਕ ਦੀ ਇੱਕ ਫ਼ੈਡਰਲ ਅਦਾਲਤ 'ਚ ਆਪਣਾ ਗੁਨਾਹ ਕਬੂਲ ਕਰ ਲਿਆ ਹੈ।

54 ਸਾਲਾ ਨਿਖਿਲ ਗੁਪਤਾ ਨੇ ਮੈਨਹਟਨ ਦੀ ਅਦਾਲਤ 'ਚ ਜੱਜ ਸਾਹਮਣੇ ਪੇਸ਼ ਹੋ ਕੇ ਮਰਡਰ-ਫ਼ੌਰ-ਹਾਇਰ (ਪੈਸੇ ਦੇ ਕੇ ਕਤਲ ਕਰਵਾਉਣਾ), ਕਤਲ ਦੀ ਸਾਜ਼ਿਸ਼ ਅਤੇ ਮਨੀ ਲੌਂਡਰਿੰਗ ਸਮੇਤ ਤਿੰਨ ਗੰਭੀਰ ਅਪਰਾਧਿਕ ਦੋਸ਼ਾਂ 'ਚ ਆਪਣਾ ਗੁਨਾਹ ਕਬੂਲਿਆ ਹੈ। ਇਨ੍ਹਾਂ ਸਾਰੇ ਦੋਸ਼ਾਂ ਤਹਿਤ ਗੁਪਤਾ ਨੂੰ ਵੱਧ ਤੋਂ ਵੱਧ 40 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ।

ਨਿਖਿਲ ਗੁਪਤਾ ਨੂੰ ਸਾਲ 2023 'ਚ ਚੈੱਕ ਗਣਰਾਜ 'ਚ ਗ੍ਰਿਫ਼ਤਾਰ ਕੀਤਾ ਗਿਆ ਸੀ ਜਿਸ ਤੋਂ ਬਾਅਦ ਜੂਨ 2024 'ਚ ਉਸ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਗਿਆ ਸੀ। ਅਮਰੀਕਾ ਪਹੁੰਚਣ ਤੋਂ ਤੁਰੰਤ ਬਾਅਦ ਉਸ ਨੇ ਪਹਿਲਾਂ ਖ਼ੁਦ ਨੂੰ ਬੇਕਸੂਰ ਦੱਸਿਆ ਸੀ, ਪਰ ਹੁਣ ਉਸ ਨੇ ਅਦਾਲਤ 'ਚ ਆਪਣੀ ਸ਼ਮੂਲੀਅਤ ਸਵੀਕਾਰ ਕਰ ਲਈ ਹੈ।

ਭਾਰਤ ਸਰਕਾਰ ਨੇ ਇਸ ਮਾਮਲੇ ਤੋਂ ਖ਼ੁਦ ਨੂੰ ਪੂਰੀ ਤਰ੍ਹਾਂ ਵੱਖ ਕਰਦਿਆਂ ਕਿਹਾ ਹੈ ਕਿ ਅਜਿਹੀਆਂ ਕਾਰਵਾਈਆਂ ਸਰਕਾਰੀ ਨੀਤੀ ਦੇ ਵਿਰੁੱਧ ਹਨ। ਅਮਰੀਕੀ ਅਧਿਕਾਰੀਆਂ ਅਨੁਸਾਰ ਇਹ ਸਾਜ਼ਿਸ਼ ਮਈ 2023 'ਚ ਸ਼ੁਰੂ ਹੋਈ ਸੀ ਜਿਸ 'ਚ ਯਾਦਵ ਨਾਮਕ ਇੱਕ ਸਾਬਕਾ ਭਾਰਤੀ ਸਰਕਾਰੀ ਕਰਮਚਾਰੀ ਦੀ ਸ਼ਮੂਲੀਅਤ ਦਾ ਦਾਅਵਾ ਕੀਤਾ ਗਿਆ ਹੈ।

ਗੁਰਪਤਵੰਤ ਸਿੰਘ ਪੰਨੂ ਨਿਊ ਯੌਰਕ ਸਥਿਤ ਇੱਕ ਵਕੀਲ ਅਤੇ ਸਿੱਖਸ ਫ਼ੌਰ ਜਸਟਿਸ ਜਥੇਬੰਦੀ ਦਾ ਮੁਖੀ ਹੈ। ਭਾਰਤ ਨੇ ਉਸ ਨੂੰ ਇੱਕ ਅਤਿਵਾਦੀ ਘੋਸ਼ਿਤ ਕੀਤਾ ਹੋਇਆ ਹੈ। ਪੰਨੂ ਅਕਸਰ ਵੀਡੀਓਜ਼ ਰਾਹੀਂ ਭਾਰਤ ਨੂੰ ਧਮਕੀਆਂ ਦੇਣ ਅਤੇ ਦੇਸ਼ ਵਿਰੋਧੀ ਭਾਵਨਾਵਾਂ ਭੜਕਾਉਣ ਲਈ ਜਾਣਿਆ ਜਾਂਦਾ ਹੈ।

ਕਰਜੇ ਤੋਂ ਪਰੇਸ਼ਾਨ ? ਮਦਦ ਕਰ ਸਕਦੇ ਹਾਂ 905-783-1922
Home Care Workers ਅਤੇ Nanies ਲਈ PR 416-848-3930
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਦੰਦ ਲਗਵਾਓ FREE ਮੁਫ਼ਤ 905-458-3344 With CDCP
Vistor Visa 'ਤੇ ਹੋ Work Permit ਖ਼ਤਮ PR ਲਓ 416-848-3930

ਖ਼ੁਦਕੁਸ਼ੀ ਨਹੀਂ, ਐਪਸਟੀਨ ਦਾ ਹੋਇਆ ਸੀ ਕਤਲ - ਡਾਕਟਰ

ਵਾਸ਼ਿੰਗਟਨ: ਦੁਨੀਆਂ ਭਰ 'ਚ ਚਰਚਾ ਦਾ ਵਿਸ਼ਾ ਬਣੇ ਹੋਏ ਅਮਰੀਕੀ ਅਪਰਾਧੀ ਜੈਫ਼ਰੀ ਐਪਸਟੀਨ ਦੀ ਜੇਲ੍ਹ 'ਚ ਹੋਈ ਰਹੱਸਮਈ ਮੌਤ ਨੂੰ ਲੈ ਕੇ ਇੱਕ ਵਾਰ ਫ਼ਿਰ ਵੱਡਾ ਧਮਾਕਾ ਹੋਇਆ ਹੈ। ਇੱਕ ਮਾਹਿਰ ਡਾਕਟਰ ਨੇ ਦਾਅਵਾ ਕੀਤਾ ਹੈ ਕਿ ਐਪਸਟੀਨ ਦੀ ਮੌਤ ਫ਼ਾਹਾ ਲੈਣ ਕਾਰਨ ਨਹੀਂ ਸੀ ਹੋਈ ਸਗੋਂ ਉਸ ਦਾ ਗਲਾ ਘੁੱਟ ਕੇ ਕਤਲ ਕੀਤਾ ਗਿਆ ਸੀ। ਪੋਸਟ ਮੌਰਟਮ ਦੀ ਜਾਂਚ ਕਰਨ ਵਾਲੇ ਡਾਕਟਰ ਅਨੁਸਾਰ ਐਪਸਟੀਨ ਦੇ ਗਲੇ ਦੀ ਹਾਇਓਡ ਹੱਡੀ ਸਮੇਤ ਤਿੰਨ ਥਾਵਾਂ ਤੋਂ ਹੱਡੀਆਂ ਟੁੱਟੀਆਂ ਹੋਈਆਂ ਸਨ। ਮਾਹਿਰਾਂ ਮੁਤਾਬਿਕ ਅਜਿਹਾ ਅਕਸਰ ਗਲਾ ਘੁੱਟਣ ਵੇਲੇ ਹੁੰਦਾ ਹੈ, ਨਾ ਕਿ ਫ਼ਾਂਸੀ ਲਗਾਉਣ ਵੇਲੇ।



ਜ਼ਿਕਰਯੋਗ ਹੈ ਕਿ ਸਾਲ 2019 'ਚ ਨਿਊ ਯੌਰਕ ਦੀ ਜੇਲ੍ਹ 'ਚ ਹੋਈ ਐਪਸਟੀਨ ਦੀ ਮੌਤ ਨੂੰ ਅਧਿਕਾਰਿਕ ਤੌਰ 'ਤੇ ਖ਼ੁਦਕੁਸ਼ੀ ਕਰਾਰ ਦਿੱਤਾ ਗਿਆ ਸੀ, ਪਰ ਇਸ ਨਵੇਂ ਖ਼ੁਲਾਸੇ ਨੇ ਜਾਂਚ ਏਜੰਸੀਆਂ ਅਤੇ ਜੇਲ੍ਹ ਪ੍ਰਸ਼ਾਸ਼ਨ ਦੇ ਦਾਅਵਿਆਂ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ। ਜੈਫ਼ਰੀ ਐਪਸਟੀਨ, ਜਿਸ 'ਤੇ ਨਾਬਾਲਗ ਲੜਕੀਆਂ ਦੀ ਤਸਕਰੀ ਅਤੇ ਸ਼ਰੀਰਕ ਸ਼ੋਸ਼ਣ ਦੇ ਗੰਭੀਰ ਦੋਸ਼ ਸਨ, ਦੇ ਸਬੰਧ ਦੁਨੀਆਂ ਦੇ ਕਈ ਸ਼ਕਤੀਸ਼ਾਲੀ ਨੇਤਾਵਾਂ, ਕਾਰੋਬਾਰੀਆਂ ਅਤੇ ਸ਼ਾਹੀ ਪਰਿਵਾਰਾਂ ਨਾਲ ਸਨ ਜਿਸ ਕਾਰਨ ਉਸ ਦੀ ਮੌਤ ਸ਼ੁਰੂ ਤੋਂ ਹੀ ਸ਼ੱਕ ਦੇ ਘੇਰੇ 'ਚ ਰਹੀ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਐਪਸਟੀਨ ਕੋਲ ਕਈ ਅਜਿਹੇ ਰਾਜ਼ ਸਨ ਜੋ ਦੁਨੀਆਂ ਦੇ ਕਈ ਵੱਡੇ ਚਿਹਰਿਆਂ ਨੂੰ ਬੇਨਕਾਬ ਕਰ ਸਕਦੇ ਸਨ ਜਿਸ ਕਾਰਨ ਉਸ ਦਾ ਜੇਲ੍ਹ 'ਚ ਹੀ ਕਤਲ ਕਰ ਦਿੱਤਾ ਗਿਆ। ਨਵੇਂ ਤੱਥ ਸਾਹਮਣੇ ਆਉਣ ਤੋਂ ਬਾਅਦ ਸੋਸ਼ਲ ਮੀਡੀਆ ਅਤੇ ਕਾਨੂੰਨੀ ਮਾਹਿਰਾਂ 'ਚ ਇਹ ਚਰਚਾ ਤੇਜ਼ ਹੋ ਗਈ ਹੈ ਕਿ ਕੀ ਐਪਸਟੀਨ ਨੂੰ ਕਿਸੇ ਵੱਡੀ ਸਾਜ਼ਿਸ਼ ਤਹਿਤ ਰਸਤੇ ਤੋਂ ਹਟਾਇਆ ਗਿਆ ਸੀ।

Vistor Visa 'ਤੇ ਹੋ Work Permit ਖ਼ਤਮ PR ਲਓ 416-848-3930
ਲੀਗਲ ਸੇਵਾਵਾਂ 905-913-2355
ਕਰਜੇ ਤੋਂ ਪਰੇਸ਼ਾਨ ? ਮਦਦ ਕਰ ਸਕਦੇ ਹਾਂ 905-783-1922
Electrtic Brush or Teeth Whitening FREE ਮੁਫ਼ਤ 905-458-3344 With Teeth Cleaning & New Patient Exam
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
Security Cameras CCTV Live Monitoring 647-863-9232
ਲੇਡੀਜ਼ ਰੇਡੀਮੇਡ ਕਪੜੇ ਖ਼ਰੀਦਣ ਲਈ ਕਾਲ ਕਰੋ 647-829-2454
Line of Credit Fix Bad Credit Get OSAP Loan 905-965-4644

ਸਪਤਾਹਿਕ ਰਾਸ਼ੀ ਫਲ

ਮੇਖ (21 ਮਾਰਚ ਤੋਂ 20 ਅਪ੍ਰੈਲ)
ਜ਼ਿਆਦਾ ਗੁੱਸੇ ਨਾਲ ਤੁਸੀਂ ਆਪਣੀ ਸਿਹਤ ਤੇ ਕੰਮ ਦਾ ਨੁਕਸਾਨ ਕਰ ਰਹੇ ਹੋ। ਜ਼ਰੂਰੀ ਨਹੀਂ ਕਿ ਹਰ ਗੱਲ ਵਿੱਚ ਤੁਹਾਡਾ ਹੀ ਨਜ਼ਰੀਆ ਠੀਕ ਹੋਵੇ, ਕਈ ਵਾਰੀ ਦੂਜੇ ਵਲੋਂ ਦਿੱਤੀ ਸਲਾਹ ਵੀ ਚੰਗੀ ਹੁੰਦੀ ਹੈ। ਆਪਣੇ ਆਪ ਨੂੰ ਬਦਲੋ। ਫ਼ਿਰ ਦੇਖੋ ਕਿਵੇਂ ਤੁਹਾਡੀਆਂ ਔਕੜਾਂ ਦੂਰ ਹੁੰਦੀਆਂ ਹਨ। ਪਿਤਾ ਜੀ ਨਾਲ ਅਣਬਣ ਹੋ ਸਕਦੀ ਹੈ। ਮਕਾਨ ਖਰੀਦਣ ਤੋਂ ਪਹਿਲਾਂ ਪੜਤਾਲ ਕਰ ਲਓ।

ਬ੍ਰਿਖ (21 ਅਪ੍ਰੈਲ ਤੋਂ 21 ਮਈ)
ਪਰਿਵਾਰ ਵਿੱਚ ਮਾਤਾ ਜੀ ਦੇ ਨਾਲ ਕਿਸੇ ਗਲ ਤੋਂ ਟਕਰਾਓ ਹੋਣ ਦਾ ਯੋਗ ਹੈ। ਤੁਸੀਂ ਇਸ ਨੂੰ ਟਾਲ ਸਕਦੇ ਹੋ ਬਸ ਲੋੜ ਹੈ ਉਨ੍ਹਾਂ ਦੀ ਗੱਲ ਸੁਨਣ ਦੀ। ਪਤਨੀ ਵਾਲੇ ਪਾਸੇ ਤੋਂ ਕੋਈ ਖੁਸ਼ੀ ਮਿਲ ਸਕਦੀ ਹੈ। ਬੱਚਿਆਂ ਦੇ ਦਾਖਲੇ ਨੂੰ ਲੈ ਕੇ ਪ੍ਰੇਸ਼ਾਨੀ ਦੂਰ ਹੋ ਜਾਵੇਗੀ। ਪ੍ਰੇਮ ਸਬੰਧਾਂ 'ਚ ਨਵੀਂ ਸ਼ੁਰੂਆਤ ਹੋਵੇਗੀ। ਤੁਹਾਡਾ ਵਿਵੇਕ ਤੁਹਾਨੂੰ ਨਵੀਂਆਂ ਬੁਲੰਦੀਆਂ ਵੱਲ ਲੈ ਕੇ ਜਾਵੇਗਾ।

ਮਿਥੁਨ (22 ਮਈ ਤੋਂ 21 ਜੂਨ)
ਤੁਹਾਡੇ ਵਾਸਤੇ ਇਹ ਹਫ਼ਤਾ ਮਿਲਿਆ ਜੁਲਿਆ ਰਹੇਗਾ। ਤੁਸੀਂ ਆਪਣੀਆਂ ਗੱਲਾਂ ਨਾਲ ਦੂਜਿਆਂ ਨੂੰ ਪ੍ਰਭਾਵਿਤ ਕਰੋਗੇ ਅਤੇ ਤੁਹਾਡੇ ਵਿਰੋਧੀ ਤੁਹਾਡੇ ਅੱਗੇ ਟਿਕ ਨਹੀਂ ਸਕਣਗੇ। ਸਰੀਰ 'ਚ ਕਿਸੇ ਥਾਂ 'ਤੇ ਦਰਦ ਰਹਿ ਸਕਦੀ ਹੈ। ਭਰਾ ਨਾਲ ਕਿਸੇ ਗੱਲ 'ਤੋਂ ਟਕਰਾਅ ਹੋ ਸਕਦਾ ਹੈ, ਪਰ ਜਲਦੀ ਹੀ ਖ਼ਤਮ ਹੋ ਜਾਵੇਗਾ। ਕੰਮ ਦੇ ਨਾਲ ਪਰਿਵਾਰ ਲਈ ਕੁਝ ਸਮਾਂ ਕੱਢੋ।

ਕਰਕ (22 ਜੂਨ ਤੋਂ 22 ਜੁਲਾਈ)
ਇਹ ਹਫ਼ਤਾ ਉਨ੍ਹਾਂ ਲਈ ਚੰਗੀ ਖਬਰ ਲੈ ਕੇ ਆ ਰਿਹਾ ਹੈ ਜਿਨ੍ਹਾਂ ਦੇ ਵਿਆਹ ਦੀ ਗੱਲ ਬਹੁਤ ਦੇਰ ਤੋਂ ਸਿਰੇ ਨਹੀਂ ਚੜ੍ਹ ਰਹੀ ਸੀ। ਜਿਨ੍ਹਾਂ ਨੇ ਨੌਕਰੀ ਲਈ ਅਪਲਾਈ ਕੀਤਾ ਹੈ, ਉਨ੍ਹਾਂ ਨੂੰ ਵੀ ਖੁਸ਼ੀ ਵਾਲੀ ਖ਼ਬਰ ਮਿਲੇਗੀ ਅਤੇ ਮਨੋਰੰਜਨ ਦੇ ਮੌਕੇ ਵੀ ਮਿਲਣਗੇ। ਮਾਣ-ਸਨਮਾਨ 'ਚ ਵਾਧਾ ਹੋਵੇਗਾ। ਇਹ ਹਫ਼ਤਾ ਤੁਹਾਡੇ ਲਈ ਖੁਸ਼ੀਆਂ ਵਾਲਾ ਰਹੇਗਾ।

ਸਿੰਘ (23 ਜੁਲਾਈ ਤੋਂ 23 ਅਗਸਤ)
ਪੁਰਾਣੀਆਂ ਆਦਤਾਂ ਨੂੰ ਬਦਲਣ ਦੀ ਲੋੜ ਹੈ। ਕਿਸੇ ਵੀ ਕੰਮ ਨੂੰ ਜੇ ਲਗਾਤਾਰ ਕਰੋਗੇ ਤਾਂ ਹੀ ਉਸ ਦੇ ਸਹੀ ਨਤੀਜੇ ਸਾਹਮਣੇ ਆਉਣਗੇ। ਇਸ ਲਈ ਉਸ ਹੀ ਕੰਮ ਨੂੰ ਹੱਥ ਪਾਓ ਜਿਸ ਨੂੰ ਤੁਸੀਂ ਕਰ ਸਕਦੇ ਹੋਵੋ। ਅਧੂਰੇ ਮਨ ਨਾਲ ਕੀਤਾ ਕੋਈ ਵੀ ਕੰਮ ਫ਼ਾਇਦਾ ਕਰਨ ਦੀ ਥਾਂ ਨੁਕਸਾਨ ਕਰੇਗਾ। ਘਰ ਵਿੱਚ ਸੁੱਖ ਸ਼ਾਂਤੀ ਬਣੀ ਰਹੇਗੀ ਅਤੇ ਮਨੋਰੰਜਨ ਦਾ ਯੋਗ ਵੀ ਹੈ।

ਕੰਨਿਆ (24 ਅਗਸਤ ਤੋਂ 23 ਸਤੰਬਰ)
ਦੇਰ ਤੋਂ ਚੱਲ ਰਿਹਾ ਜ਼ਮੀਨ ਦਾ ਵਿਵਾਦ ਬਜ਼ੁਰਗਾਂ ਦੀ ਮਦਦ ਨਾਲ ਖ਼ਤਮ ਹੋ ਜਾਵੇਗਾ। ਇਸ ਹਫ਼ਤੇ ਕਿਸੇ ਨਵੀਂ ਜ਼ਮੀਨ ਦਾ ਸੌਦਾ ਹੋਣ ਦਾ ਵੀ ਯੋਗ ਬਣ ਰਿਹਾ ਹੈ। ਸ਼ੇਅਰ ਬਾਜ਼ਾਰ ਵਿੱਚ ਜ਼ਰੂਰਤ ਤੋਂ ਜ਼ਿਆਦਾ ਪੈਸਾ ਲਾਉਣਾ ਨੁਕਸਾਨ ਕਰ ਸਕਦਾ ਹੈ। ਮਿਊਚਲ ਫ਼ੰਡ ਫ਼ਾਇਦਾ ਦੇ ਸਕਦੇ ਹਨ। ਬੱਚੇ ਨੂੰ ਕਿਸੇ ਚੰਗੇ ਕਾਲਜ ਵਿੱਚ ਦਾਖਲਾ ਮਿਲ ਸਕਦਾ ਹੈ।

ਤੁਲਾ (24 ਸਤੰਬਰ ਤੋਂ 23 ਅਕਤੂਬਰ)
ਕੰਮ ਵਿੱਚ ਵੱਡੀ ਤਬਦੀਲੀ ਹੋਣ ਜਾ ਰਹੀ ਹੈ। ਇਹ ਤੁਹਾਡੇ ਲਈ ਚੰਗਾ ਸਮਾਂ ਲੈ ਕੇ ਆ ਰਹੀ ਹੈ। ਤਬਦੀਲੀ ਨੂੰ ਲੈ ਕੇ ਚਿੰਤਾ ਨਾ ਕਰੋ। ਭਰਾ ਨਾਲ ਚੱਲ ਰਿਹਾ ਕੋਈ ਪੁਰਾਣਾ ਵਿਵਾਦ ਖ਼ਤਮ ਹੋ ਜਾਵੇਗਾ ਅਤੇ ਇੱਕ ਨਵੀਂ ਸ਼ੁਰੂਆਤ ਰਿਸ਼ਤੇ ਵਿੱਚ ਹੋਵੇਗੀ। ਨੌਕਰੀ ਵਾਲਿਆਂ ਲਈ ਤਰੱਕੀ ਦਾ ਯੋਗ ਬਣ ਰਿਹਾ ਹੈ, ਜਿਸ ਲਈ ਤੁਸੀਂ ਬੜੀ ਦੇਰ ਤੋਂ ਇੰਤਜ਼ਾਰ ਕਰ ਰਹੇ ਸੀ।

ਬ੍ਰਿਸ਼ਚਕ (24 ਅਕਤੂਬਰ ਤੋਂ 22ਨਵੰਬਰ)
ਦਫ਼ਤਰ ਵਿੱਚ ਤੁਹਾਨੂੰ ਇਸ ਹਫ਼ਤੇ ਮਹੱਤਵਪੂਰਣ ਜ਼ਿੰਮੇਵਾਰੀ ਮਿਲਣ ਜਾ ਰਹੀ ਹੈ। ਇਸ ਨੂੰ ਪੂਰਾ ਕਰਨ ਵਿੱਚ ਤੁਹਾਡੀ ਮਦਦ ਕੁਝ ਖਾਸ ਸਹਿਯੋਗੀਆਂ ਵਲੋਂ ਕੀਤੀ ਜਾਵੇਗੀ। ਦੁਸ਼ਮਣ ਵੀ ਤੁਹਾਡੇ ਵੱਲ ਦੋਸਤੀ ਦਾ ਹੱਥ ਵਧਾਉਣਗੇ। ਬੱਚਿਆਂ ਨਾਲ ਟਕਰਾਓ ਹੋ ਸਕਦਾ ਹੈ। ਵਿਦੇਸ਼ ਜਾਣ ਲਈ ਜਿਹੜੀਆਂ ਪ੍ਰੇਸ਼ਾਨੀਆਂ ਤੇ ਰੁਕਾਵਟਾਂ ਆ ਰਹੀਆਂ ਸਨ ਦੂਰ ਹੋਣਗੀਆਂ।

ਧਨ (23 ਨਵੰਬਰ ਤੋਂ 23 ਦਸੰਬਰ)
ਦੂਜਿਆਂ ਦੀ ਪ੍ਰੇਸ਼ਾਨੀ ਲੈਣੀ ਛੱਡਕੇ ਆਪਣੇ ਕੰਮ ਵਲ ਧਿਆਨ ਦਿਓ। ਦੂਜੇ ਤੁਹਾਡੀ ਸਲਾਹ ਲੈ ਕੇ ਕਿਤੇ ਦੇ ਕਿਤੇ ਪਹੁੰਚ ਜਾਂਦੇ ਹਨ ਤੇ ਤੁਸੀਂ ਉਥੇ ਦੇ ਉਥੇ ਰਹਿ ਜਾਂਦੇ ਹੋ। ਗਲਤੀਆਂ ਨੂੰ ਯਾਦ ਕਰ ਕੇ ਮਨ ਬੇਚੈਨ ਰਹਿ ਸਕਦਾ ਹੈ। ਨਵੀਆਂ ਯੋਜਨਾਵਾਂ ਬਣਨਗੀਆਂ ਤੇ ਪੁਰਾਣੀਆਂ ਦੇ ਸਫ਼ਲ ਹੋਣ ਦੀ ਵੀ ਸੰਭਾਵਨਾ ਹੈ। ਦਫ਼ਤਰ 'ਚ ਕਿਸੇ ਵਲੋਂ ਤੁਹਾਨੂੰ ਪ੍ਰੇਸ਼ਾਨ ਕੀਤਾ ਜਾ ਸਕਦਾ।

ਮਕਰ (24 ਦਸੰਬਰ ਤੋਂ 20 ਜਨਵਰੀ)
ਵਪਾਰ ਵਿੱਚ ਘਾਟੇ ਕਾਰਨ ਚੱਲ ਰਹੀ ਪ੍ਰੇਸ਼ਾਨੀ ਦੂਰ ਹੋਣ ਦਾ ਸਮਾਂ ਆ ਗਿਆ ਹੈ। ਪੁਰਾਣੀਆਂ ਗਲਤੀਆਂ ਨੂੰ ਭੁੱਲ ਕੇ ਨਵੀਂ ਸ਼ੁਰੂਆਤ ਨਾਲ ਵਪਾਰ ਵਧੀਆ ਚਲ ਸਕਦਾ ਹੈ। ਧਨ ਨੂੰ ਲੈ ਕੇ ਚਲ ਰਹੀ ਤੰਗੀ ਦੂਰ ਹੋਵੇਗੀ ਤੇ ਕਿਸੇ ਦੋਸਤ ਤੋਂ ਵੀ ਮਦਦ ਮਿਲੇਗੀ। ਘਰ ਵਿੱਚ ਬਿਜਲੀ ਦੇ ਉਪਕਰਣ ਖਰਾਬ ਹੋ ਸਕਦੇ ਹਨ। ਘਰ ਵਿੱਚ ਖੁਸ਼ੀ ਦਾ ਮਾਹੌਲ ਬਣੇਗਾ।

ਕੁੰਭ (21 ਜਨਵਰੀ ਤੋਂ 19 ਫ਼ਰਵਰੀ)
ਕਿਸੇ ਨਾਲ ਜੇ ਕੋਈ ਨਵਾਂ ਕੰਮ ਸਾਂਝੇਦਾਰੀ ਵਿੱਚ ਸ਼ੁਰੂ ਕਰਨ ਜਾ ਰਹੇ ਹੋ ਤਾਂ ਅਜੇ ਰੁਕ ਜਾਵੋ। ਇਹ ਸਾਂਝੇਦਾਰੀ ਤੁਹਾਡੇ ਲਈ ਮੁਸੀਬਤ ਬਣ ਸਕਦੀ ਹੈ। ਦਫ਼ਤਰ ਵਿੱਚ ਵੀ ਤੇ ਬਾਹਰ ਵੀ ਕਿਸੇ ਕਾਗਜ਼ 'ਤੇ ਪੜ੍ਹੇ ਬਿਨਾਂ ਹਸਤਾਖ਼ਰ ਨਾ ਕਰੋ ਨਹੀਂ ਤਾਂ ਮੁਸੀਬਤ 'ਚ ਫ਼ਸ ਸਕਦੇ ਹੋ। ਕਿਸੇ ਬਾਹਰੀ ਵਿਅਕਤੀ ਦੀ ਜ਼ਿੰਮੇਵਾਰੀ ਨਾ ਚੁੱਕੋ ਅਤੇ ਨਾ ਹੀ ਕਿਸੇ ਲੜਾਈ ਝਗੜੇ ਵਿੱਚ ਪਵੋ।

ਮੀਨ (20 ਫ਼ਰਵਰੀ ਤੋਂ 20 ਮਾਰਚ)
ਇਸ ਹਫ਼ਤੇ ਤੁਹਾਡਾ ਕਾਫ਼ੀ ਸਮਾਂ ਪਰਿਵਾਰ ਨਾਲ ਗੁਜਰੇਗਾ। ਤੁਸੀਂ ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰੋਗੇ। ਪਰਿਵਾਰ ਨਾਲ ਕਿਤੇ ਬਾਹਰ ਜਾਣ ਦਾ ਪ੍ਰੋਗਰਾਮ ਬਣ ਸਕਦਾ ਹੈ। ਕਿਸੇ ਜ਼ਮੀਨ ਦੇ ਸੌਦੇ ਨੂੰ ਲੈ ਕੇ ਮਨ ਵਿੱਚ ਬੇਚੈਨੀ ਰਹੇਗੀ। ਪਿਤਾ ਜੀ ਵਲੋਂ ਵੀ ਸਹਾਇਤਾ ਮਿਲੇਗੀ। ਤੁਹਾਡਾ ਰੁਕਿਆ ਹੋਇਆ ਕੋਈ ਕੰਮ ਪੂਰਾ ਹੋ ਜਾਵੇਗਾ।

Home Care Workers ਅਤੇ Nanies ਲਈ PR 416-848-3930
ਦੰਦਾਂ ਦੀ ਸਫ਼ਾਈ FREE ਮੁਫ਼ਤ 905-458-3344 With CDCP
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਦੰਦਾਂ ਦੀ ਦੇਖਭਾਲ 647-625-7205
ਵਕੀਲ ਦੀ ਲੋੜ ? 905-362-0755
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਲੀਗਲ ਸੇਵਾਵਾਂ 905-913-2355

ਪਰਮੀਸ਼ ਵਰਮਾ ਪ੍ਰਸ਼ੰਸਕਾਂ ਨਾਲ ਭਿੜਿਆ

ਨਵੀਂ ਦਿੱਲੀ: ਪੰਜਾਬੀ ਗਾਇਕ ਅਤੇ ਅਦਾਕਾਰ ਪਰਮੀਸ਼ ਵਰਮਾ ਇੱਕ ਵਾਰ ਫ਼ਿਰ ਵਿਵਾਦਾਂ 'ਚ ਘਿਰ ਗਿਆ ਹੈ। ਦਿੱਲੀ 'ਚ ਇੱਕ ਲਾਈਵ ਸ਼ੋਅ ਦੌਰਾਨ ਉਸ ਦੀ ਇੱਕ ਪ੍ਰਸ਼ੰਸਕ ਨਾਲ ਝੜੱਪ ਹੋ ਗਈ। ਉਸ ਨੇ ਅਚਾਨਕ ਗਾਉਣਾ ਬੰਦ ਕਰ ਦਿੱਤਾ ਅਤੇ ਸਟੇਜ ਤੋਂ ਉਸ ਨੂੰ ਥੱਪੜ ਦਿਖਾਉਣਾ ਸ਼ੁਰੂ ਕਰ ਦਿੱਤਾ। ਬਹਿਸ ਵੱਧ ਗਈ ਜਿਸ ਕਾਰਨ ਪੁਲੀਸ ਅਤੇ ਪਰਮੀਸ਼ ਵਰਮਾ ਦੇ ਨਿੱਜੀ ਸੁਰੱਖਿਆ ਗਾਰਡ ਨੂੰ ਦਖਲ ਦੇਣਾ ਪਿਆ।

ਪਰਮੀਸ਼ ਵਰਮਾ ਦੀ ਬਹਿਸ ਦਾ ਇਹ ਵੀਡੀਓ ਹੁਣ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ। ਵਾਇਰਲ ਵੀਡੀਓ 'ਚ, ਪਰਮੀਸ਼ ਵਰਮਾ ਬਹਿਸ ਕਰਦਾ ਦਿਖਾਈ ਦੇ ਰਿਹਾ ਹੈ, ਪਰ ਉਸ ਦੀ ਆਵਾਜ਼ ਸਪੱਸ਼ਟ ਨਹੀਂ। ਵਰਮਾ ਅਤੇ ਪ੍ਰਸ਼ੰਸਕ ਵਿਚਕਾਰ ਗੱਲਬਾਤ ਇੱਕ ਮਿੰਟ ਤੋਂ ਵੱਧ ਸਮੇਂ ਤਕ ਚੱਲੀ।

ਪਰਮੀਸ਼ ਵਰਮਾ 13 ਫ਼ਰਵਰੀ ਦੀ ਸ਼ਾਮ ਨੂੰ ਦਿੱਲੀ ਦੇ ਛੱਤਰਸਾਲ ਸਟੇਡੀਅਮ 'ਚ ਦਿੱਲੀ ਖੇਡ ਮਹਾਂਕੁੰਭ ਦੇ ਉਦਘਾਟਨ ਸਮਾਰੋਹ 'ਚ ਲਾਈਵ ਪ੍ਰਦਰਸ਼ਨ ਕਰ ਰਿਹਾ ਸੀ। ਪ੍ਰੋਗਰਾਮ ਸ਼ਾਮ 5 ਵਜੇ ਸ਼ੁਰੂ ਹੋਇਆ ਅਤੇ ਦਾਖਲਾ ਮੁਫ਼ਤ ਸੀ, ਪਰ ਰੈਜਿਸਟ੍ਰੇਸ਼ਨ ਲਾਜ਼ਮੀ ਸੀ। ਪਰਮੀਸ਼ ਵਰਮਾ ਦੇ ਸ਼ੋਅ 'ਚ ਬਹੁਤ ਭੀੜ ਸੀ। ਜਦੋਂ ਪਰਮੀਸ਼ ਵਰਮਾ ਨੇ ਗਾਉਣਾ ਸ਼ੁਰੂ ਕੀਤਾ ਤਾਂ ਕੁਝ ਪ੍ਰਸ